The Leeds Teaching Hospitals
NHS Trust

# ਕੋਰੋਨਾਵਾਇਰਸ (ਕੋਵਿਡ-19) ਮਹਾਂਮਾਰੀ ਦੇ ਦੌਰਾਨ ਸਰਜਰੀ ਕਰਵਾਉਣੀ

## ਮਰੀਜ਼ਾਂ ਲਈ ਜਾਣਕਾਰੀ

Punjabi translation

Theatres and Anaesthesia

## Leeds Teaching Hospitals NHS ਟਰੱਸਟ ਇਸ ਸਮੇਂ ਤੁਹਾਡੀ ਸਰਜਰੀ ਕਰਨ ਲਈ ਉਹ ਸਭ ਕਰੇਗਾ ਜੋ ਇਹ ਕਰ ਸਕਦਾ ਹੈ। ਤੁਹਾਡੇ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਸਮੁੱਚੀ ਸਿਹਤ ਸੇਵਾ 'ਤੇ ਕੋਰੋਨਾਵਾਇਰਸ ਦੀ ਵਧੇਰੀ ਮੰਗ ਹੈ। ਇਸ ਨੇ ਸਿਹਤ ਸੇਵਾਵਾਂ ਵੱਲੋਂ ਦੇਖਭਾਲ ਮੁਹੱਈਆ ਕੀਤੇ ਜਾਣ ਦੇ ਢੰਗ ਵਿੱਚ ਵੀ ਤਬਦੀਲੀ ਲਿਆ ਦਿੱਤੀ ਹੈ। ਇਸ ਫਾਰਮ ਵਿੱਚ ਦੱਸਿਆ ਗਿਆ ਹੈ ਕਿ ਤੁਹਾਡੀ ਦੇਖਭਾਲ ਕਿਵੇਂ ਪ੍ਰਭਾਵਿਤ ਹੋ ਸਕਦੀ ਹੈ।

ਮਹਾਂਮਾਰੀ ਦੇ ਦੌਰਾਨ ਤੁਹਾਡੀ ਸਿਹਤ ਦੇ ਮੁਲਾਂਕਣ ਅਤੇ ਦੇਖਭਾਲ ਵਿੱਚ ਵਿਘਨ ਪੈ ਸਕਦਾ ਹੈ, ਦੇਰੀ ਹੋ ਸਕਦੀ ਹੈ ਜਾਂ ਉਸ ਨੂੰ ਕਿਸੇ ਵੱਖਰੇ ਢੰਗ ਨਾਲ ਕੀਤਾ ਜਾ ਸਕਦਾ ਹੈ।

ਹਸਪਤਾਲ ਵਿੱਚ ਆਉਣ ਨਾਲ ਤੁਹਾਨੂੰ ਕੋਰੋਨਾਵਾਇਰਸ (ਕੋਵਿਡ-19) ਹੋਣ ਦੀ ਸੰਭਾਵਨਾ ਵੱਧ ਸਕਦੀ ਹੈ ਜਾਂ ਹੋ ਸਕਦਾ ਹੈ ਕਿ ਜਦੋਂ ਤੁਸੀਂ ਆਪਰੇਸ਼ਨ ਲਈ ਆਓ, ਤਾਂ ਇਹ ਪਹਿਲਾਂ ਤੋਂ ਹੀ ਤੁਹਾਡੇ ਅੰਦਰ ਹੋਵੇ।

ਜੇਕਰ ਸਰਜਰੀ ਕਰਾਉਣ ਵੇਲੇ ਜਾਂ ਹਸਪਤਾਲ ਵਿੱਚ ਹੋਣ ਵੇਲੇ ਤੁਹਾਨੂੰ ਕੋਰੋਨਾਵਾਇਰਸ ਦੀ ਇਨਫੈਕਸ਼ਨ ਹੋ ਜਾਂਦੀ ਹੈ, ਤਾਂ ਇਸ ਨਾਲ ਤੁਹਾਡੀ ਸਿਹਤਯਾਬੀ ਵਿੱਚ ਹੋਰ ਵੀ ਮੁਸ਼ਕਿਲ ਹੋ ਸਕਦੀ ਹੈ, ਜਾਂ ਇਸ ਨਾਲ ਤੁਹਾਨੂੰ ਗੰਭੀਰ ਬਿਮਾਰੀ ਹੋਣ, ਜਾਂ ਮੌਤ ਦੇ ਜੋਖਮ ਵਿੱਚ ਵਾਧਾ ਹੋ ਸਕਦਾ ਹੈ। ਬਜ਼ੁਰਗ ਮਰੀਜ਼ ਜਾਂ ਉਹਨਾਂ ਮਰੀਜ਼ਾਂ, ਜਿਨ੍ਹਾਂ ਨੂੰ ਹਾਈ ਬਲੱਡ ਪ੍ਰੈਸ਼ਰ, ਮੋਟਾਪਾ ਜਾਂ ਸ਼ੂਗਰ ਰੋਗ ਦੀਆਂ ਸਿਹਤ ਸਮੱਸਿਆਵਾਂ ਹਨ, ਨੂੰ ਇਸਦਾ ਵਧੇਰੇ ਜੋਖਮ ਹੈ। ਅਸੀਂ ਹਰ ਸਮੇਂ ਕੋਰੋਨਾਵਾਇਰਸ ਦੇ ਬਾਰੇ ਜਾਣਕਾਰੀ ਪ੍ਰਾਪਤ ਕਰ ਰਹੇ ਹਾਂ। ਕੁਝ ਜੋਖਮ ਅਜਿਹੇ ਵੀ ਹੋ ਸਕਦੇ ਹਨ ਜਿਨ੍ਹਾਂ ਬਾਰੇ ਸਾਨੂੰ ਹਾਲੇ ਪਤਾ ਨਾ ਹੋਵੇ ਅਤੇ ਜੋ ਕਿ ਸਰਜਰੀ ਤੋਂ ਤੁਹਾਡੀ ਸਿਹਤਯਾਬੀ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਅਸੀਂ ਤੁਹਾਡਾ ਅਪਰੇਸ਼ਨ ਕਰਨ, ਤੁਹਾਨੂੰ ਸੁਰੱਖਿਅਤ ਰੱਖਣ, ਅਤੇ ਤੁਹਾਨੂੰ ਹਰ ਸਮੇਂ ਜਾਣਕਾਰੀ ਦੇਣ ਲਈ ਸੰਭਵ ਹਰ ਜਤਨ ਕਰਾਂਗੇ। ਹੋ ਸਕਦਾ ਹੈ ਕਿ ਸਟਾਫ ਨੇ ਸੁਰੱਖਿਆਤਮਕ ਕੱਪੜੇ (PPE) ਪਹਿਨੇ ਹੋਣ ਅਤੇ ਜਿੱਥੇ ਵੀ ਸੰਭਵ ਹੋਵੇ, ਸਰੀਰਕ ਦੂਰੀ ਦੀਆਂ ਸੇਧਾਂ ਦੀ ਪਾਲਣਾ ਕੀਤੀ ਜਾਵੇਗੀ।

ਤੁਸੀਂ ਆਪਣਾ ਅਪਰੇਸ਼ਨ ਥੋੜ੍ਹੀ ਦੇਰੀ ਪਾ ਕੇ ਕਰਵਾਉਣਾ ਚਾਹ ਸਕਦੇ ਹੋ, ਅਤੇ ਅਸੀਂ ਇੰਝ ਕਰਨ ਦੇ ਤੁਹਾਡੇ ਕਾਰਨਾਂ ਨੂੰ ਸਮਝਾਂਗੇ। ਹਾਲਾਂਕਿ, ਸਰਜਰੀ ਲਈ ਭਵਿੱਖ ਦੀਆਂ ਤਰੀਕਾਂ ਦਾ ਬੰਦੋਬਸਤ ਕਰਨ ਲਈ ਸਧਾਰਨ ਨਾਲੋਂ ਵੱਧ ਸਮਾਂ ਲੱਗ ਸਕਦਾ ਹੈ।

ਤੁਹਾਡਾ ਸਰਜਨ ਤੁਹਾਨੂੰ ਤੁਹਾਡੀ ਸਰਜਰੀ ਦੇ ਜੋਖਮਾਂ ਅਤੇ ਫਾਇਦਿਆਂ ਬਾਰੇ ਅਤੇ ਇਲਾਜ ਦੀਆਂ ਕਿਸੇ ਵਿਕਲਪਿਕ ਕਿਸਮਾਂ ਬਾਰੇ ਵੀ ਦੱਸੇਗਾ।

## ਤੁਹਾਡੇ ਅਪਰੇਸ਼ਨ ਤੋਂ ਪਹਿਲਾਂ

- ਤੁਹਾਡਾ ਸੁੰਨਕਾਰਕ ਮੁਲਾਂਕਣ ਟੈਲੀਫੋਨ 'ਤੇ, ਕਿਸੇ ਨਰਸ ਵੱਲੋਂ ਪੂਰਾ ਕੀਤਾ ਜਾਵੇਗਾ।
- ਅਸੀਂ ਤੁਹਾਡੇ ਅਪਰੇਸ਼ਨ ਤੋਂ ਪਹਿਲਾਂ ਤੁਹਾਡਾ ਕੋਰੋਨਾਵਾਇਰਸ ਦਾ ਟੈਸਟ ਕਰਨ ਦਾ ਬੰਦੋਬਸਤ ਕਰਾਂਗੇ। ਹੋ ਸਕਦਾ ਹੈ ਕਿ ਤੁਹਾਨੂੰ ਖੂਨ ਦੀਆਂ ਜਾਂਚਾਂ ਸਮੇਤ, ਹੋਰਨਾਂ ਜਾਂਚਾਂ ਕਰਵਾਉਣ ਦੀ ਵੀ ਲੋੜ ਪਵੇ।
- ਜੇਕਰ ਤੁਸੀਂ ਕੋਰੋਨਾਵਾਇਰਸ ਲਈ ਪਾਜ਼ਿਟਿਵ ਪਾਏ ਜਾਂਦੇ ਹੋ ਜਾਂ ਜੇਕਰ ਤੁਸੀਂ ਠੀਕ ਨਹੀਂ ਹੋ, ਤਾਂ ਤੁਹਾਡੇ ਅਪਰੇਸ਼ਨ ਨੂੰ ਬਾਅਦ ਦੀ ਕਿਸੇ ਤਰੀਕ ਤੱਕ ਟਾਲਿਆ ਜਾ ਸਕਦਾ ਹੈ।
- ਜਦ ਤੱਕ ਕੋਈ ਐਮਰਜੈਂਸੀ ਨਾ ਹੋਵੇ, ਅਸੀਂ ਤੁਹਾਨੂੰ ਤੁਹਾਡੇ ਅਪਰੇਸ਼ਨ ਤੋਂ ਪਹਿਲਾਂ ਪੂਰੀ ਤਰ੍ਹਾਂ ਨਾਲ ਇਕਾਂਤਵਾਸ ਵਿੱਚ ਰਹਿਣ ਲਈ ਕਹਾਂਗੇ। ਤੁਹਾਨੂੰ ਇਸ ਬਾਰੇ ਸਪਸ਼ਟ ਜਾਣਕਾਰੀ ਦਿੱਤੀ ਜਾਵੇਗੀ ਅਤੇ ਇਹ ਜ਼ਰੂਰੀ ਹੈ ਕਿ ਤੁਸੀਂ ਇਹਨਾਂ ਨਿਰਦੇਸ਼ਾਂ ਦੀ ਸਾਵਧਾਨੀ ਨਾਲ ਪਾਲਣਾ ਕਰੋ।

## ਤੁਹਾਡਾ ਅਪਰੇਸ਼ਨ

- ਤੁਹਾਡਾ ਅਪਰੇਸ਼ਨ ਸਾਡੇ ਕਿਸੇ ਵੀ ਅਜਿਹੇ ਹਸਪਤਾਲ ਵਿੱਚ ਕੀਤਾ ਜਾਵੇਗਾ ਜਿੱਥੇ ਅਪਰੇਸ਼ਨ ਕੀਤਾ ਜਾ ਸਕਦਾ ਹੋਵੇਗਾ। ਇਸ ਵਿੱਚ The Spire Hospital Leeds ਜਾਂ Leeds Nuffield Hospital ਸ਼ਾਮਲ ਹੋ ਸਕਦੇ ਹਨ।
- ਸਾਡੇ ਹਸਪਤਾਲ ਬਹੁਤ ਹੀ ਵੱਖਰੇ ਦਿਖਣਗੇ। ਵਾਰਡ ਮੁੜ-ਵਿਵਸਥਿਤ ਕੀਤੇ ਗਏ ਹੋਣਗੇ, ਅਤੇ ਕਰਮਚਾਰੀਆਂ ਨੇ ਸੁਰੱਖਿਆਤਮਕ ਉਪਕਰਣ ਪਹਿਨੇ ਹੋਣਗੇ। ਤੁਹਾਡੀ ਸਰਜਰੀ ਲਈ ਸਧਾਰਨ ਨਾਲੋਂ ਵੱਧ ਸਮਾਂ ਲੱਗ ਸਕਦਾ ਹੈ।
- ਹੋ ਸਕਦਾ ਹੈ ਕਿ ਤੁਸੀਂ ਇਲਾਜ ਦੇ ਦਿਨ ਤੋਂ ਪਹਿਲਾਂ ਆਪਣੇ ਸਰਜਨਾਂ ਨੂੰ ਨਾ ਮਿਲ ਸਕੋ, ਅਤੇ ਇਹ ਵੀ ਹੋ ਸਕਦਾ ਹੈ ਕਿ ਉਹ ਤੁਹਾਡੀ ਉਮੀਦ ਨਾਲੋਂ ਵੱਖਰੇ ਸਰਜਨ ਹੋਣ। ਹਾਲਾਂਕਿ, ਉਹ ਤੁਹਾਡਾ ਅਪਰੇਸ਼ਨ ਕਰਨ ਲਈ ਤਜਰਬੇਕਾਰ ਅਤੇ ਸਿਖਲਾਈ ਪ੍ਰਾਪਤ ਹੋਣਗੇ।
- ਜਦੋਂ ਤੁਸੀਂ ਸਾਡੇ ਨਾਲ ਹੋਵੋਗੇ, ਸੰਭਾਵਨਾ ਹੈ ਕਿ ਤੁਹਾਡੇ ਪਰਿਵਾਰ ਅਤੇ ਦੋਸਤ ਹਸਪਤਾਲ ਵਿੱਚ ਤੁਹਾਡੇ ਨਾਲ ਰਹਿਣ ਜਾਂ ਤੁਹਾਨੂੰ ਮਿਲਣ ਲਈ ਨਹੀਂ ਆ ਸਕਣਗੇ।

## ਤੁਹਾਡੇ ਅਪਰੇਸ਼ਨ ਤੋਂ ਬਾਅਦ

- ਜਦੋਂ ਤੁਸੀਂ ਤਿਆਰ ਹੋਵੋਗੇ ਤਾਂ ਤੁਹਾਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਜਾਵੇਗੀ। ਤੁਹਾਨੂੰ ਤੁਹਾਡੀ ਸਿਹਤਯਾਬੀ ਪੂਰੀ ਕਰਨ ਲਈ ਇੱਕ 'ਸਟੈੱਪ-ਡਾਉਨ' ਯੂਨਿਟ ਵਿੱਚ ਭੇਜਿਆ ਜਾ ਸਕਦਾ ਹੈ। ਹੋ ਸਕਦਾ ਹੈ ਕਿ ਇਹ ਯੂਨਿਟ ਕਿਸੇ ਹੋਰ ਹਸਪਤਾਲ ਵਿੱਚ ਹੋਵੇ।
- ਛੁੱਟੀ ਦੇਣ ਤੋਂ ਬਾਅਦ, ਅਸੀਂ ਤੁਹਾਡਾ ਪਤਾ-ਸੁਰ ਟੈਲੀਫੋਨ ਰਾਹੀਂ ਲਵਾਂਗੇ।
- ਹੋ ਸਕਦਾ ਹੈ ਕਿ ਤੁਹਾਡੇ ਸਥਾਨਕ ਹਸਪਤਾਲ ਵਿੱਚ ਜਾਂ ਤੁਹਾਡੇ GP ਦੇ ਕੋਲ ਇਸ ਸਿਲਸਿਲੇ ਵਿੱਚ ਕੁਝ ਦੇਖਭਾਲ ਕਰਾਉਣ ਦੀ ਲੋੜ ਪਵੇ।

## ਮਰੀਜ਼ ਦਾ ਬਿਆਨ

***ਮੈਂ ਉੱਪਰ ਦਿੱਤੀ ਜਾਣਕਾਰੀ ਨੂੰ ਸਵੀਕਾਰ ਕਰਦਾ/ਕਰਦੀ ਹਾਂ, ਜਿਸ ਨੂੰ ਮੈਂ ਆਪਣੇ ਸਰਜੀਕਲ ਸਹਿਮਤੀ ਫਾਰਮ ਦੇ ਨਾਲ ਇਕੱਠੇ ਪੜ੍ਹਿਆ ਹੈ।***

ਦਸਤਖਤ: ............................................................ ਤਰੀਕ: ........../........../...........

ਨਾਮ (ਸਾਫ ਅੱਖਰਾਂ ਵਿੱਚ): ..........................................................................................

ਮਰੀਜ਼ ਨਾਲ ਸੰਬੰਧ: ..................................................................................................

ਸਹਿਮਤੀ ਦੀ ਪੁਸ਼ਟੀ (ਅਪਰੇਸ਼ਨ ਲਈ ਮਰੀਜ਼ ਨੂੰ ਭਰਤੀ ਕੀਤੇ ਜਾਣ ਵੇਲੇ ਸਿਹਤ ਪੇਸ਼ੇਵਰ ਵੱਲੋਂ ਭਰੇ ਜਾਣ ਲਈ, ਜੇਕਰ ਮਰੀਜ਼/ਮਾਪੇ ਨੇ ਫਾਰਮ 'ਤੇ ਪਹਿਲਾਂ ਤੋਂ ਹੀ ਦਸਤਖਤ ਕੀਤੇ ਹੋਏ ਹਨ)।

***ਮੈਂ ਪੁਸ਼ਟੀ ਕੀਤੀ ਹੈ ਕਿ ਮਰੀਜ਼ ਦੇ ਕੋਈ ਹੋਰ ਸਵਾਲ ਨਹੀਂ ਹਨ ਅਤੇ ਮਰੀਜ਼ ਦੀ ਅਪਰੇਸ਼ਨ ਕਰਵਾਉਣ ਦੀ ਇੱਛਾ ਹੈ।***

ਦਸਤਖਤ ਕੀਤੇ: .................................................... ਤਰੀਕ: ........../........../...........

ਨਾਮ (ਸਾਫ ਅੱਖਰਾਂ ਵਿੱਚ): ..........................................................................................

ਨੌਕਰੀ ਦੀ ਪਦਵੀ: ....................................................................................................

**ਤੁਸੀਂ ਆਪਣੀ ਦੇਖਭਾਲ ਦੇ ਬਾਰੇ ਕੀ ਸੋਚਦੇ ਹੋ? bit.ly/nhsleedsfft 'ਤੇ ਜਾਓ**
*ਤੁਹਾਡੇ ਵਿਚਾਰ ਮਾਇਨੇ ਰੱਖਦੇ ਹਨ*

© The Leeds Teaching Hospitals NHS ਟਰੱਸਟ • ਪਹਿਲਾ ਪ੍ਰਕਾਸ਼ਨ (ਸੰਸਕਰਣ 1)
ਤਿਆਰ ਕਰਤਾ: ਡਾ. ਜੌਹਨ ਐਡਮਸ, ਐਸੋਸੀਏਟ ਮੈਡੀਕਲ ਡਾਇਰੈਕਟਰ (ਜੋਖਮ ਪ੍ਰਬੰਧਨ)
ਪੇਸ਼ਕਰਤਾ: ਮੈਡੀਕਲ ਇਲੂਸਟ੍ਰੇਸ਼ਨ ਸਰਵਿਸਿਜ਼ • MID ਕੋਡ: 20200611_015/JG
LN004862
ਪ੍ਰਕਾਸ਼ਨ ਦੀ ਤਰੀਕ
05/2020
ਸਮੀਖਿਆ ਦੀ ਤਰੀਕ
06/2022